بِسۡمِ اللّٰہِ الرَّحۡمٰنِ الرَّحِیۡمِ   نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ   وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.03.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 6 ਮਾਰਚ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਅਲੱਾਹ ਜੋ ਸਾਡੇ ਦਿਲਾਂ ਦੇ ਪਾਤਾਲ ਤੱਕ ਨਜ਼ਰ ਰਖੱਣ ਵਾਲਾ ਹੈ ਅਤੇ ਉਸ ਨੂੰ ਸਾਡੀ ਸਾਰੀ ਜਾਨਕਾਰੀ ਹੈ ਉਸ ਨੂੰ ਕੇਵਲ ਇਸ ਗੱਲ ਨਾਲ ਧੋਖਾ ਨਹੀਂ ਦਿੱਤਾ ਜਾ ਸਕਦਾ ਜੋ ਓਪਰੀਆਂ ਗੱਲਾਂ ਹਨ ਸਗੋਂ ਜਿਵੇਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਉਹ ਖੋਟੇ ਖਰੇ ਦੀ ਤਮੀਜ਼ ਕਰਦਾ ਹੈ ਖੋਟੇ ਕਰਮ ਉਹ ਪਰਵਾਨ ਨਹੀਂ ਕਰੇਗਾ । ਸੋ, ਇਕ ਮੋਮਨ ਲਈ ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਕਿ ਆਪਣੇ ਭਵਿੱਖ ਦੀ ਚਿੰਤਾ ਕਰਨ, ਜਿੱਥੇ ਕਰਮਾ ਦਾ ਨਿਬੇੜਾ ਹੋਣਾ ਹੈ ।

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

يَا أَيُّهَا الَّذِينَ آمَنُوا اتَّقُوا اللَّهَ وَلْتَنْظُرْ نَفْسٌ مَا قَدَّمَتْ لِغَدٍ وَاتَّقُوا اللَّهَ إِنَّ اللَّهَ خَبِيرٌ بِمَا تَعْمَلُونَ (19) وَلَا تَكُونُوا كَالَّذِينَ نَسُوا اللَّهَ فَأَنْسَاهُمْ أَنْفُسَهُمْ أُولَئِكَ هُمُ الْفَاسِقُونَ (20) (الحشر 19-20)

ਇਹ ਸੂਰਤ ਹਸ਼ਰ ਦੀਆਂ ਦੋ ਆਇਤਾਂ ਹਨ ਜਿੰਨ੍ਹਾ ਦੇ ਅਰਥ ਇਹ ਹਨ : “ਹੇ, ਉਹ ਲੋਕੋ ਜੋ ਈਮਾਨ ਲਿਆਏ ਹੋ ! ਅਲੱਾਹ ਦਾ ਤਕਵਾ (ਸੰਜਮਤਾ) ਧਾਰਣ ਕਰੋ ਅਤੇ ਹਰ ਜਾਨ ਇਹ ਨਜ਼ਰ ਰੱਖੇ ਕਿ ਉਹ ਕੱਲ (ਭਵਿੱਖ) ਲਈ ਅੱਗੇ ਕੀ ਭੇਜ ਰਿਹਾ ਹੈ । ਅਤੇ ਅਲੱਾਹ ਦਾ ਤਕਵਾ ਧਾਰਣ ਕਰੋ, ਨਿਸ਼ਚੇ ਹੀ ਉਹ ਅਲੱਾਹ ਤੁਸੀਂ ਜੋ ਕਰਦੇ ਹੋ ਉਸ ਤੋਂ ਹਮੇਸ਼ਾ ਖ਼ਬਰਦਾਰ ਰਹਿੰਦਾ ਹੈ । ਅਤੇ ਉਹਨਾਂ ਲੋਕਾਂ ਵਾਂਗ ਨ ਹੋ ਜਾਓ ਜਿੰਨ੍ਹਾ ਨੇ ਰੱਬ ਨੂੰ ਭੁਲਾ ਦਿੱਤਾ ਹੈ, ਇਸ ਲਈ ਅਲੱਾਹ ਨੇ ਉਹਨਾਂ ਨੂੰ ਖ਼ੁੱਦ ਆਪਣੇ ਆਪ ਤੋਂ ਗ਼ਾਫ਼ਲ ਕਰ ਦਿੱਤਾ। ਇਹੋ ਦੁਰਾਚਾਰੀ ਲੋਕ ਹਨ ।

ਆਮ ਤੌਰ'ਤੇ ਦੇਖਿਆ ਜਾਂਦਾ ਹੈ ਕਿ ਹਰ ਬੁਰਾਈ ਅਤੇ ਪਾਪ ਦੀ ਜੜ੍ਹ ਉਹਨਾਂ ਬੁਰਾਈਆਂ ਤੇ ਪਾਪਾਂ ਨੂੰ ਸਧਾਰਣ ਸਮਝਦਿਆਂ ਹੋਇਆਂ ਉਹਨਾਂ ਤੋਂ ਬਚਣ ਦੇ ਜਤਨ ਨ ਕਰਨਾ ਹੈ ਜਾਂ ਉਹਨਾਂ ਵੱਲ ਧਿਆਨ ਨ ਦੇਣਾ ਹੈ । ਪਰ ਇਹੋ ਬੇਧਿਆਨੀ ਫਿਰ ਮਨੁੱਖ ਨੂੰ ਵੱਡੇ ਪਾਪਾਂ ਵਿੱਚ ਫਸਾ ਦਿੰਦੀ ਹੈ ਕਿਉਂਕਿ ਫਿਰ ਮਨੁੱਖ ਹੌਲੀ ਹੌਲੀ ਨੇਕੀਆਂ ਨੂੰ ਭੁੱਲ ਜਾਂਦਾ ਹੈ । ਨੇਕੀਆਂ ਦੇ ਉਹਨਾਂ ਮਾਪਦੰਡਾ ਨੂੰ ਭੁੱਲ ਜਾਂਦਾ ਹੈ ਜੋ ਇਕ ਮੋਮਨ ਨੂੰ ਪ੍ਰਾਪਤ ਕਰਨੇ ਚਾਹੀਦੇ ਹਨ । ਰੱਬ ਦਾ ਖ਼ੌਫ਼ ਘੱਟ ਜਾਂਦਾ ਹੈ । ਇਹਨਾਂ ਆਇਤਾਂ ਵਿੱਚ ਅਲੱਾਹ ਤਆਲਾ ਨੇ ਮੋਮਨਾਂ ਨੂੰ ਬਹੁਤ ਜ਼ੋਰ ਦੇਕੇ ਫ਼ਰਮਾਇਆ ਹੈ ਕਿ ਕੇਵਲ ਅੱਜ ਦੀ ਅਤੇ ਇਸ ਦੁਨੀਆ ਦੇ ਖੇਡ ਤਮਾਸ਼ਿਆਂ ਦੀ, ਰੁਚੀ ਦੀ, ਵਿਲਾਸਤਾ ਦੀ ਜਾਂ ਸਾਕਾਂ ਸੰਬੰਧੀਆਂ ਅਤੇ ਸਜੱਣਾ ਮਿਤੱਰਾਂ ਨਾਲ ਸੰਬੰਧਾ ਦੀ ਚਿੰਤਾ ਨ ਕਰੋ ਸਗੋਂ ਜੋ ਚਿੰਤਾ ਕਰਨ ਵਾਲੀ ਚੀਜ ਹੈ ਉਹ ਤੁਹਾਡਾ ਕੱਲ ਹੈ। ਤੁਹਾਡਾ ਅਲੱਾਹ ਉਪੱਰ ਵਿਸ਼ਵਾਸ ਦਾ ਮਿਆਰ ਅਤੇ ਉਸ ਦੀ ਸੰਜਮਤਾ ਧਾਰਣ ਕਰਨਾ ਤੁਹਾਡੀ ਪਹਿਲ ਤੇ ਚਿੰਤਾ ਹੋਣੀ ਚਾਹੀਦੀ ਹੈ। ਤੁਹਾਡਾ ਮਰਨ ਦੇ ਬਾਦ ਦੇ ਜੀਵਨ ਅਤੇ ਨਿਬੇੜੇ ਉਪੱਰ ਵਿਸ਼ਵਾਸ ਤੁਹਾਡੀ ਚਿੰਤਾ ਦਾ ਕੇਂਦਰ ਹੋਣਾ ਚਾਹੀਦਾ ਹੈ ਅਤੇ ਜੇਕਰ ਇਹ ਹੋਵੇਗਾ ਤਾਂ ਹੀ ਤੁਹਾਡੀ ਵਾਸਤਵਿਕ ਆਚਰਣਕ ਤਰੱਕੀ ਵੀ ਹੋਵੇਗੀ, ਜੋ ਕੇਵਲ ਓਪਰੀ ਆਚਰਣ ਨਹੀਂ ਹੋਣਗੇ ਸਗੋਂ ਅਲੱਾਹ ਤਆਲਾ ਦੀ ਰਜ਼ਾ ਹਾਸਲ ਕਰਨ ਦੇ ਉਦੇਸ਼ ਲਏ ਹੋਏ ਹੋਣਗੇ । ਤੁਹਾਡੀ ਆਤਮਕ ਤਰੱਕੀ ਅਤੇ ਇਹ ਦਾਵਾ ਕਿ ਮੈਂ ਮੋਮਨ ਹਾਂ ਉਸੇ ਸਮੇਂ ਹਕੀਕੀ ਹੋਵੇਗਾ ਜੱਦ ਕੱਲ ਉਪੱਰ ਦ੍ਰਿਸ਼ਟੀ ਹੋਵੇਗੀ । ਤੁਹਾਡਾ ਵਿਸ਼ਵਸਨੀ ਗ਼ਰਜ਼ ਰਹਿਤ ਸਚਾਈ ਉਪੱਰ ਅਧਾਰਤ ਰੱਬ ਦੇ ਵੁਜੂਦ ਉਪੱਰ ਈਮਾਨ ਵੀ ਉਸ ਸਮੇਂ ਅਲੱਾਹ ਦੀ ਦ੍ਰਿਸ਼ਟੀ ਵਿੱਚ ਵਾਸਤਵਿਕ ਹੋਵੇਗਾ ਜੱਦ ਆਪਣੇ ਕੱਲ ਨੂੰ ਸਾਹਮਣੇ ਰੱਖਦਿਆਂ ਹੋਇਆਂ ਰੱਬ ਦੀ ਰਜ਼ਾ ਦੀ ਪ੍ਰਾਪਤੀ ਲਈ ਜਤਨ ਕਰੋਗੇ ਅਤੇ ਉਸਦੇ ਹੁਕਮਾ ਦੀ ਪਾਲਣਾ ਦੇ ਜਤਨ ਕਰੋਗੇ ।

ਸੋ, ਅਲੱਾਹ ਤਆਲਾ ਦੇ ਇਸ ਹੁਕਮ ਨੂੰ ਸਾਡੇ ਵਿੱਚੋਂ ਹਰ ਇਕ ਨੂੰ ਬਹੁਤ ਗ਼ੌਰ ਤੇ ਜਤਨਾਂ ਨਾਲ ਸਮਝਣ ਦੀ ਲੋੜ ਹੈ ਕਿ ਅਲੱਾਹ ਤਆਲਾ ਦੀ ਸੰਜਮਤਾ ਨੂੰ ਕਰਦਿਆਂ ਹੋਇਆਂ ਅਸੀਂ ਆਪਣੇ ਕਰਮਾ ਅਤੇ ਉਹਨਾਂ ਗੱਲਾਂ ਉਪੱਰ ਨਜ਼ਰ ਰੱਖੀਏ ਜੋ ਸਾਡਾ ਕੱਲ ਸੁਧਾਰਣ ਵਾਲੀਆਂ ਹਨ । ਅਲੱਾਹ ਜੋ ਸਾਡੇ ਦਿਲਾਂ ਦੇ ਪਾਤਾਲ ਤੱਕ ਨਜ਼ਰ ਰਖੱਣ ਵਾਲਾ ਹੈ ਅਤੇ ਉਸ ਨੂੰ ਸਾਡੀ ਸਾਰੀ ਜਾਣਕਾਰੀ ਹੈ ਅਤੇ ਉਸ ਨੂੰ ਕੇਵਲ ਉਹਨਾਂ ਗੱਲਾਂ ਤੋਂ ਧੋਖਾ ਨਹੀਂ ਦਿੱਤਾ ਜਾ ਸਕਦਾ ਜੋ ਓਪਰੀਆਂ ਗੱਲਾਂ ਹਨ ਸਗੋਂ ਜਿਵੇਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਉਹ ਖਰੇ ਖੋਟੇ ਦੀ ਤਮੀਜ਼ ਕਰਦਾ ਹੈ । ਖੋਟੇ ਕਰਮ ਉਹ ਪਰਵਾਨ ਨਹੀਂ ਕਰੇਗਾ । ਸੋ, ਇਕ ਮੋਮਨ ਲਈ ਇਹ ਇਕ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ ਕਿ ਆਪਣੇ ਕੱਲ ਦੀ ਚਿੰਤਾ ਕਰਨ ਜਿੱਥੇ ਕਰਮਾ ਦਾ ਨਿਬੇੜਾ ਹੋਣਾ ਹੈ । ਗ਼ੈਰ ਮੋਮਨ ਵਾਂਗ ਅਸੀਂ ਕੇਵਲ ਇਸ ਦੁਨੀਆ ਨੂੰ ਹੀ ਸਭ ਕੁਝ ਨ ਸਮਝ ਲਈਏ ਸਗੋਂ ਵਾਸਤਵਿਕ ਸਫ਼ਲਤਾਵਾਂ ਨੂੰ ਪ੍ਰਾਪਤ ਕਰਨ ਲਈ ਸੰਜਮਤਾ ਦੇ ਮਾਰਗ ਉਪੱਰ ਚਲੀਏ । ਹਜ਼ਰਤ ਖ਼ਲੀਫ਼ਾ ਅਵੱਲ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਰੱਬ ਨੇ ਇਹ ਲੋਕ ਤੇ ਪਰਲੋਕ ਵਿੱਚ ਸਫ਼ਲਤਾ ਦਾ ਇਕ ਗੁਰ ਦੱਸਿਆ ਹੈ ਕਿ ਮਨੁੱਖ ਕੱਲ ਦੀ ਚਿੰਤਾ ਅੱਜ ਕਰੇ । ਇਸ ਨਾਲ ਇਸ ਸੰਸਾਰਕ ਜੀਵਨ ਵਿੱਚ ਵੀ ਸੁਧਾਰ ਹੋਵੇਗਾ ਅਤੇ ਆਖ਼ਰਤ ਦੇ ਜੀਵਨ ਵਿੱਚ ਵੀ ਸੁਧਾਰ ਹੋਵੇਗਾ । ਕੁਰਆਨ ਕਰੀਮ ਦੀ ਸਿੱਖਿਆ 'ਵਲ ਤਨਜ਼ੁਰ ਨਫ਼ਸੁੰ ਮਾ ਕਦੱਮਤ ਲਿਗ਼ਦ' ਉਪੱਰ ਅਮਲ ਕਰਨ ਨਾਲ ਨ ਕੇਵਲ ਮਨੁੱਖ ਇਸ ਦੁਨੀਆ ਵਿੱਚ ਸਫ਼ਲ ਹੁੰਦਾ ਹੈ ਸਗੋਂ ਪਰਲੋਕ ਵਿੱਚ ਵੀ ਰੱਬ ਦੀ ਮਿਹਰ ਨਾਲ ਸਫ਼ਲ ਹੁੰਦਾ ਹੈ । ਅਸੀਂ ਕਦੇ ਵੀ ਪਰਲੋਕ ਲਈ ਜੀਵਨ ਦਾ ਸਰਮਾਇਆ ਇਕਤੱਰ ਨਹੀਂ ਕਰ ਸਕਦੇ, ਜੱਦ ਤੱਕ ਅੱਜ ਹੀ ਤੋਂ ਉਸ ਸਦੈਵੀ ਠਹਿਰਨ ਥਾਂ ਲਈ ਤਿਆਰੀ ਅਰੰਭ ਨ ਕਰ ਦੇਈਏ ।' ਇਸ ਹਵਾਲੇ ਨਾਲ ਇਹ ਵੀ ਦਸੱਣਾ ਚਾਹੁੰਦਾ ਹਾਂ ਕਿ ਇਹ ਆਇਤਾਂ ਨਿਕਾਹ ਦੇ ਖ਼ੁਤਬੇ ਵਿੱਚ ਵੀ ਪੜ੍ਹੀਆਂ ਜਾਂਦੀਆਂ ਹਨ । ਅਲੱਾਹ ਤਆਲਾ ਨੇ ਨਿਕਾਹ ਦੇ ਖ਼ੁਤਬੇ ਵਿੱਚ ਪੜ੍ਹੀਆਂ ਜਾਣ ਵਾਲੀਆਂ ਆਇਤਾਂ ਵਿੱਚ ਵੱਖ ਵੱਖ ਕਾਰਜਾਂ ਵੱਲ ਧਿਆਨ ਦੁਆਕੇ ਕਿ ਆਪਣੇ ਸੱਕੇ ਸਾਕਾਂ ਦਾ ਵੀ ਧਿਆਨ ਰੱਖੋ, ਇਸ ਬੰਧਨ ਨਾਲ ਜੋ ਜ਼ਿੰਮੇਦਾਰੀਆਂ ਪੈਣ ਵਾਲੀਆਂ ਹਨ ਉਹਨਾਂ ਦਾ ਵੀ ਖ਼ਿਆਲ ਰੱਖੋ, ਸਚੱਾਈ ਅਪਣਾਓ, ਇਸ ਰਾਹੀਂ ਨੇਕ ਕਰਮਾ ਦੀ ਅਤੇ ਰਿਸ਼ਤੇ ਨਿਭਾਉਣ ਦਾ ਸੰਜੋਗ ਪ੍ਰਾਪਤ ਹੁੰਦਾ ਰਹੇਗਾ । ਅਲੱਾਹ ਅਤੇ ਉਸ ਦੇ ਰਸਲੂ ਦੇ ਆਦੇਸ਼ਾਂ ਉਪੱਰ ਚੱਲੋ, ਉਸੇ ਵਿੱਚ ਤੁਹਾਡਾ ਸਫ਼ਲ ਜੀਵਨ ਹੈ ।

ਸੋ, ਉਹ ਘਰ ਜੋ ਆਪਣੇ ਜਾਂ ਉਹ ਪਰਿਵਾਰ ਜੋ ਆਪਣੇ ਘਰਾਂ ਨੂੰ ਨਿੱਕੀਆਂ ਨਿੱਕੀਆਂ ਗੱਲਾਂ'ਤੇ ਬਰਬਾਦ ਕਰ ਰਹੇ ਹੁੰਦੇ ਹਨ ਅਲੱਾਹ ਤਆਲਾ ਦੇ ਆਦੇਸ਼ਾਂ ਉਪੱਰ ਗ਼ੌਰ ਕਰਨ ਵਾਲੇ ਅਤੇ ਉਹਨਾਂ'ਤੇ ਅਮਲ ਕਰਨ ਵਾਲੇ ਬਣ ਜਾਣ ਜਾਂ ਨ ਕੇਵਲ ਆਪਣੇ ਘਰਾਂ ਵਿੱਚ ਸ਼ਾਂਤੀ ਦੇ ਜ਼ਾਮਣ ਹੋ ਜਾਣਗੇ, ਆਪਣਿਆਂ ਬੱਚਿਆਂ ਦੀ ਉਚਿਤ ਪਾਲਣਾ ਕਰਨ ਵਾਲੇ ਅਤੇ ਉਹਨਾਂ ਨੂੰ ਸੰਜਮਤਾ ਦੇ ਮਾਰਗ ਉਪੱਰ ਚਲਾਉਣ ਵਾਲੇ, ਮਾਰਗ ਦਰਸ਼ਨ ਕਰਨ ਵਾਲੇ ਅਤੇ ਉਹਨਾਂ ਦਾ ਜੀਵਨ ਸੁਧਾਰਣ ਵਾਲੇ ਹੋਣਗੇ ਸਗੋਂ ਇਲਾਹੀ ਪੁਰਸਕਾਰ ਇਸ ਦੁਨੀਆਂ ਵਿੱਚ ਵੀ ਪ੍ਰਾਪਤ ਕਰਨ ਵਾਲੇ ਅਤੇ ਆਖ਼ਰਤ ਵਿੱਚ ਵੀ ਪ੍ਰਾਪਤ ਕਰਨ ਵਾਲੇ ਬਣ ਜਾਣਗੇ । ਅਗਲੀਆਂ ਨਸਲਾਂ ਕੇਵਲ ਆਪ ਦੀ ਸੰਤਾਨ ਨਹੀਂ ਹਨ ਸਗੋਂ ਜਮਾਤ ਤੇ ਕੌਮ ਦਾ ਵੀ ਸਰਮਾਇਆ ਹਨ । ਉਹਨਾਂ ਨੂੰ ਉਚਿਤ ਮਾਰਗ ਦਿਖਾਉਣਾ ਮਾਂਪਿਆਂ ਦਾ ਕੰਮ ਹੈ ਅਤੇ ਇਹ ਉਦੋਂ ਹੀ ਹੋ ਸਕਦਾ ਹੈ ਜੱਦ ਮਾਤਾ ਪਿਤਾ ਆਪਣੇ ਆਪ ਨੂੰ ਅਲੱਾਹ ਤਆਲਾ ਅਤੇ ਉਸ ਦੇ ਰਸੂਲ ਦੇ ਆਦੇਸ਼ਾਂ ਅਨੁਸਾਰ ਚਲਾਉਣ ਦਾ ਜਤਨ ਕਰਨ ਵਾਲੇ ਹੋਣ । ਅਲੱਾਹ ਤਆਲਾ ਸਾਰਿਆਂ ਨੂੰ ਇਸ ਦਾ ਸੰਜੋਗ ਪ੍ਰਦਾਨ ਕਰੇ ।

ਸਾਡੇ ਜੀਵਨ ਵਿੱਚ ਅਸੰਖ ਅਜਿਹੇ ਅਵਸਰ ਆਉਂਦੇ ਹਨ ਜੱਦ ਅਸੀਂ ਸੰਜਮਤਾ ਤੋਂ ਕੰਮ ਨਹੀਂ ਲੈਂਦੇ । ਆਖ਼ਰਤ ਉਪੱਰ ਨਜ਼ਰ ਨਹੀਂ ਰਖੱਦੇ । ਇਸ ਦੁਨੀਆ ਦੇ ਵਸੀਲੇ ਅਤੇ ਲੋੜਾਂ ਨੂੰ ਹੀ ਸਭ ਕੁਝ ਸਮਝ ਲੈਂਦੇ ਹਾਂ । ਦੁਨੀਆਂ ਦੇ ਆਸਰਿਆਂ ਨੂੰ ਅਣਜਾਣ ਰੂਪ ਵਿੱਚ ਪਹਿਲ ਦਿੰਦੇ ਹਾਂ । ਫਿਰ ਆਪਣੀਆਂ ਕਮਜ਼ੋਰੀਆਂ ਅਤੇ ਅਯੋਗਤਾਵਾਂ ਤੇ ਸੁਸਤੀਆਂ ਕਰਕੇ ਇਸ ਦੁਨੀਆ ਦੇ ਭਵਿੱਖ ਨੂੰ ਵੀ ਬਰਬਾਦ ਕਰਦੇ ਹਨ । ਇਸ ਦੁਨੀਆ ਵਿੱਚ ਵੀ ਜੋ ਆਪਣਾ ਕੱਲ (ਭਵਿੱਖ) ਹੈ ਉਸ ਨੂੰ ਵੀ ਬਰਬਾਦ ਕਰਦੇ ਹਨ ਅਤੇ ਅਗਲੇ ਜਹਾਨ (ਪਰਲੋਕ) ਦੇ ਕਲ ਨੂੰ ਅੱਖੋਂ ਓਹਲੇ ਕਰ ਦਿੰਦੇ ਹਨ । ਇਹ ਨਹੀਂ ਸੋਚਦੇ ਕਿ ਇਸ ਦੇ ਕਿੰਨ੍ਹੇ ਭਿਆਨਕ ਸਿੱਟੇ ਨਿਕਲ ਸਕਦੇ ਹਨ । ਹਜ਼ਰਤ ਖ਼ਲੀਫ਼ਾ ਅਵੱਲ ਨੇ ਇਕ ਵਾਰ ਸੰਖੇਪ ਜਿਹੇ ਸ਼ਬਦਾ ਵਿੱਚ ਇਉਂ ਧਿਆਨ ਦੁਆਇਆ ਕਿ ਮੋਮਨ ਨੂੰ ਚਾਹੀਦਾ ਹੈ ਕਿ ਜੋ ਕੰਮ ਕਰੇ ਉਸ ਦੇ ਅੰਜਾਮ ਨੂੰ ਪਹਿਲਾਂ ਸੋਚ ਲਏ ਕਿ ਉਸ ਦਾ ਸਿੱਟਾ ਕੀ ਹੋਵੇਗਾ । ਫ਼ਰਮਾਉਂਦੇ ਹਨ ਕਿ ਮਨੁੱਖ ਗੁੱਸੇ ਵਿੱਚ ਮਾਰ ਦੇਣਾ ਚਾਹੁੰਦਾ ਹੈ ਗਾਲ੍ਹਾਂ ਕਢੱਦਾ ਹੈ, ਪਰ ਸੋਚੇ ਇਸ ਦਾ ਅੰਜਾਮ ਕੀ ਹੋਵੇਗਾ । ਇਸ ਵਾਸਤਵਿਕਤਾ ਨੂੰ ਦ੍ਰਿਸ਼ਟੀ ਵਿੱਚ ਰੱਖੇ ਤਾਂ ਸੰਜਮਤਾ ਉਪੱਰ

ਪ੍ਰੇਰ ਰਖੱਣ ਦਾ ਸੰਜੋਗ ਪ੍ਰਾਪਤ ਹੋਵੇਗਾ । ਜੇਕਰ ਅਸੀਂ ਦੇਖੀਏ ਤਾਂ ਸਾਰੀਆਂ ਬੁਰਾਈਆਂ ਅਤੇ ਸਾਰੇ ਪਾਪ ਇਸ ਲਈ ਵਾਪਰਦੇ ਹਨ ਕਿ ਇਹਨਾ ਦੇ ਕਰਦੇ ਸਮੇਂ ਸਾਡੇ ਦਿਮਾਗ ਵਿੱਚ ਭੂਤ ਸਵਾਰ ਹੁੰਦਾ ਹੈ, ਦੈਂਤ (ਸ਼ੈਤਾਨ) ਭਰਿਆ ਹੁੰਦਾ ਹੈ । ਸਿੱਟਿਆਂ ਤੋਂ ਨਿਹਸੰਕੋਚ ਹੋਕੇ ਕੰਮ ਹੁੰਦਾ ਹੈ । ਏਧਰ ਅਲੱਾਹ ਤਆਲਾ ਈਮਾਨ ਦਾ ਦਾਵਾ ਕਰਨ ਵਾਲਿਆਂ ਨੂੰ ਫ਼ਰਮਾਉਂਦਾ ਹੈ ਕਿ ਮੋਮਨ ਦੀ ਨਿਸ਼ਾਨੀ ਕੱਲ ਉਪੱਰ ਦ੍ਰਿਸ਼ਟੀ ਰਖੱਣਾ ਹੈ । ਹਜ਼ਰਤ ਖ਼ਲੀਫ਼ਾ ਅਵੱਲ ਰਜ਼ੀ ਅਲਾਹ ਅਨਹੁ ਇਸ ਗੱਲ ਨੂੰ ਸਪਸ਼ਟ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਸਿੱਟਿਆਂ ਉਪੱਰ ਜਾਂ ਕੱਲ'ਤੇ ਕਿਵੇਂ ਦ੍ਰਿਸ਼ਟੀ ਰੱਖੀ ਜਾਵੇ, ਫ਼ਰਮਾਉਂਦੇ ਹਨ ਕਿ ਜੇਕਰ ਮਨੁੱਖ ਇਹ ਵਿਸ਼ਵਾਸ ਰੱਖੇ ਕਿ ਕੋਈ ਖ਼ਬਰ ਰਖਣ ਵਾਲਾ ਤੇ ਸਭ ਕੁਝ ਜਾਨਣ ਵਾਲਾ ਬਾਦਸ਼ਾਹ ਹੈ ਜੋ ਹਰ ਪ੍ਰਕਾਰ ਦੀ ਬਦਕਾਰੀ, ਧੋਖਾ ਧੜੀ, ਫ਼ਰੇਬ, ਸੁਸਤੀ ਤੇ ਕਾਹਲੀ ਨੂੰ ਦੇਖਦਾ ਹੈ ਅਤੇ ਉਸ ਦਾ ਪ੍ਰਤੀਫਲ ਦੇਵੇਗਾ ਤਾਂ ਉਹ ਬੱਚ ਸਕਦਾ ਹੈ । ਆਪ ਨੇ ਫ਼ਰਮਾਇਆ ਅਜਿਹਾ ਈਮਾਨ ਪੈਦਾ ਕਰੋ, ਬਹੁਤ ਸਾਰੇ ਲੋਕ ਜੋ ਸੰਸਾਰਕ ਮਾਮਲਿਆਂ ਵਿੱਚ ਵੀ ਸੁਸਤੀ ਕਰਦੇ ਹਨ ਅਤੇ ਉਸ ਦਾ ਹੱਕ ਪੂਰਾ ਨਹੀਂ ਕਰਦੇ, ਇਸ ਦਾ ਅਰਥ ਹੈ ਕਿ ਉਹਨਾਂ ਨੇ ਵੀ ਆਪਣੇ ਕੱਲ ਨੂੰ ਬਰਬਾਦ ਕਰ ਲਿਆ ਅਤੇ ਆਪਣਾ ਰਿਜ਼ਕ ਜੋ ਉਹਨਾਂ ਨੇ ਹਾਸਲ ਕੀਤਾ ਉਹ ਵੀ ਹਲਾਲ ਨਹੀਂ ਰਿਹਾ । ਇਹ ਧੋਖੇ ਦਾ ਰਿਜ਼ਕ ਹੈ । ਸੋ, ਇਹ ਆਇਤ ਜੋ ਆਪਣੇ ਕੱਲ ਉਪੱਰ ਨਜ਼ਰ ਰਖੱਣ ਵੱਲ ਧਿਆਨ ਦੁਆਉਂਦੀ ਹੈ, ਬਹੁਤ ਵਿਸਥਾਰ ਰਖੱਦੀ ਹੈ ਅਤੇ ਹਰ ਪੈਰ੍ਹ'ਤੇ ਮੋਮਨ ਨੂੰ ਫੜ ਕੇ ਕਿਸੇ ਮਮੂਲੀ ਕਮਜ਼ੋਰੀ ਤੇ ਗੁਨਾਹ ਵੱਲ ਵਧਣ ਤੋਂ ਰੋਕਦੀ ਹੈ ।

ਇਸ ਲਈ ਮੋਮਨ ਨੂੰ ਕੱਲ ਉਪੱਰ ਨਜ਼ਰ ਰਖੱਣ ਦਾ ਕਹਿ ਕੇ ਆਪਣੇ ਮਮੂਲੀ ਘਰ ਦੇ ਮਾਮਲਿਆਂ ਤੋਂ ਲੈਕੇ ਆਪਣੇ ਸਮਾਜਕ, ਵਪਾਰਕ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਮਾਮਲਿਆਂ ਉਪੱਰ ਸੰਜਮਤਾ ਨਾਲ ਚਲੱਣ ਲਈ ਧਿਆਨ ਦੁਆ ਦਿਤੱਾ ਅਤੇ ਜੋ ਸੰਜਮਤਾ ਨਾਲ ਨਹੀਂ ਚਲਦਾ, ਫਿਰ ਉਹ ਇਸ ਗੱਲ ਨੂੰ ਵੀ ਚੇਤੇ ਰੱਖੇ ਕਿ ਅਜਿਹਾ ਮਨੁੱਖ ਰਬ ਦੀ ਫੜ ਵਿੱਚ ਵੀ ਆਏਗਾ । ਮਨੁੱਖ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਸੰਸਾਰਕ ਮਾਮਲਿਆਂ ਦਾ ਧਰਮ ਨਾਲ ਕੋਈ ਸੰਬੰਧ ਨਹੀਂ । ਮੋਮਨ ਲਈ ਸੰਜਮਤਾ ਨਾਲ ਚਲੱਣ ਦਾ ਆਦੇਸ਼ ਹੈ ਅਤੇ ਸੰਜਮਤਾ ਰਾਹੀਂ ਸਾਰੇ ਧਾਰਮਕ ਤੇ ਸੰਸਾਰਕ ਕਾਰਜਾਂ ਨੂੰ ਰੱਬ ਦੇ ਉਪਦੇਸ਼ਾਂ ਅਨੁਸਾਰ ਬਜਾ ਲਿਆਉਂਣਾ ਜ਼ਰੂਰੀ ਹੈ ਚੇਤੇ ਰਖੱਣਾ ਚਾਹੀਦਾ ਹੈ ਕਿ ਕੋਈ ਅਜਿਹਾ ਢੰਗ ਜਿਸ ਨਾਲ ਧੋਖਾ ਦੇਕੇ ਲਾਭ ਪ੍ਰਾਪਤ ਕੀਤਾ ਜਾਵੇ ਧਰਮ ਤੇ ਆਸਥਾ ਤੋਂ ਦੂਰ ਲੈ ਜਾਣ ਵਾਲਾ ਹੈ ਅਤੇ ਇਹ ਦੇਖਣ ਨੂੰ ਸੰਸਾਰਕ ਮਾਮਲਾ ਧਾਰਮਕ ਆਪਦਾ ਬਣ ਜਾਂਦਾ ਹੈ ਅਤੇ ਜਿਵੇਂ ਕਿ ਮੈਂ ਪਹਿਲਾਂ ਕਿਹਾ ਕਿ ਹੌਲੀ ਹੌਲੀ ਧਰਮ ਤੇ ਖ਼ੁਦਾ ਤੋਂ ਦੂਰ ਲੈ ਜਾਂਦਾ ਹੈ । ਇਸੇ ਲਈ ਇਕ ਮੋਮਨ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਆਸਥਾ ਦਾ ਸੰਕਟ ਸੰਸਾਰਕ ਸੰਕਟਾਂ ਤੋਂ ਬਹੁਤ ਵੱਡਾ ਹੈ । ਜਿਸ ਦੇ ਸਿੱਟੇ ਵਿੱਚ ਇਹ ਲੋਕ ਤੇ ਪਰਲੋਕ ਦੋਵੇਂ ਬਰਬਾਦ ਹੋ ਜਾਂਦੇ ਹਨ ।

ਇਸ ਲਈ ਸਾਨੂੰ ਇਸ ਸੋਚ ਨਾਲ ਆਪਣੇ ਦਿਲਾਂ ਨੂੰ ਫ਼ਰੋਲਦੇ ਰਹਿਣਾ ਚਾਹੀਦਾ ਹੈ ਅਤੇ ਹਰ ਕੰਮ ਦੇ ਸਿੱਟੇ ਉਪੱਰ ਨਜ਼ਰ ਰਖੱਣੀ ਚਾਹੀਦੀ ਹੈ, ਇਸ ਲਈ ਕਿ ਰੱਬ ਦੀ ਮੇਰੇ ਹਰ ਕੰਮ ਉਪੱਰ ਨਜ਼ਰ ਹੈ । ਜੱਦ ਸਾਡੇ ਵਿੱਚੋਂ ਹਰ ਕੋਈ ਇਸ ਜੋਚ ਨਾਲ ਆਪਣੇ ਕਰਤਵਾਂ ਅਤੇ ਜ਼ਿੰਮੇਦਾਰੀਆਂ ਨੂੰ ਪੂਰਾ ਕਰੇਗਾ ਅਤੇ ਉਸ ਲਈ ਜਤਨ ਕਰੇਗਾ ਤਾਂ ਜਮਾਤ ਦੇ ਸੰਜਮਤਾ ਦੇ ਸਾਧਾਰਣ ਮਿਆਰ ਜੋ ਹਨ ਉਹ ਵੀ ਬੁਲੰਦ ਹੋਣਗੇ ਅਤੇ ਇਹ ਸੰਜਮਤਾ ਦਾ ਮਿਆਰ ਉਚੱਾ ਹੁੰਦਾ ਹੋਇਆਂ ਜਮਾਤੀ ਰੂਪ ਵਿੱਚ ਆਪਣੇ ਆਪ ਦਿਖਾਈ ਦੇਣਾ ਸ਼ੁਰੂ ਹੋ ਜਾਵੇਗਾ । ਨ ਤਰਬੀਯਤ (ਪ੍ਰਸ਼ਿਕਸ਼ਣ, ਤਾਲੀਮ) ਦੇ ਵਿਭਾਗ ਲਈ ਮੁਸ਼ਕਲਾਂ ਅਤੇ ਸਮੱਸਿਆਵਾਂ ਹੋਣਗੀਆਂ ਨ ਉਮੂਰ ਆਮਾ (ਜਨਰਲ ਕਾਰਜ ਕਰਣੀ ਵਿਭਾਗ) ਅਤੇ ਕਜ਼ਾ (ਨਿਆਇ) ਵਿਭਾਗਾਂ ਲਈ ਸਮੱਸਿਆਂਵਾਂ ਨ ਹੀ ਹੋਰਨਾ ਵਿਭਾਗਾ ਨੂੰ ਚਿਤਾਵਨੀਆਂ ਦੀ ਲੋੜ ਅਤੇ ਚਿੰਤਾ ਹੋਵੇਗੀ ।

ਇਸ ਲਈ ਆਪਣੇ ਦਿਲਾਂ ਨੂੰ ਹਰ ਸਮੇਂ ਸਵਰੇ ਸ਼ਾਮ ਟਟੋਲਦੇ ਰਹਿਣਾ ਚਾਹੀਦਾ ਹੈ ਅਤੇ ਸ਼ੈਤਾਨ ਦੇ ਹਮਲਿਆਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਅਤਿਅੰਤ ਜਤਨਾਂ ਦੀ ਲੋੜ ਹੈ । ਜੇਕਰ ਅਸੀਂ ਪੜਤਾਲ ਕਰੀਏ ਕਿ ਬਹੁਤੇ ਇਸ ਗੱਲ ਨੂੰ ਨਹੀਂ ਸੋਚਦੇ ਕਿ ਮੇਰੇ ਕੰਮ ਨੂੰ ਰੱਬ ਦੇਖ ਰਿਹਾ ਹੈ ਅਤੇ ਇਸ ਦਾ ਸਿੱਟਾ ਕੀ ਹੋ ਸਕਦਾ ਹੈ ਅਤੇ ਇਹ ਸਭ ਇਸ ਲਈ ਹੁੰਦਾ ਹੈ ਜਿਵੇਂ ਕਿ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲਹਿ ਵਸਲਅਮ ਨੇ ਫ਼ਰਮਾਇਆ ਕਿ ਸ਼ੈਤਾਨ ਮਨੁੱਖ ਦੇ ਰਕਤ ਨਾਲ ਉਸ ਦੇ ਸ਼ਰੀਰ ਵਿੱਚ ਚਲਦਾ ਹੈ । ਬਹੁਤ ਸਾਰੇ ਰੋਗ ਮਨੁੱਖ ਨੂੰ ਇਸ ਲਈ ਹਾਨੀ ਪਹੁੰਚਾਉਂਦੀਆਂ ਹਨ ਕਿ ਕਿਸੇ ਕਾਰਣ ਇੰਫ਼ੈਕਸ਼ਨ ਹੋ ਜਾਂਦਾ ਹੈ, ਪ੍ਰਭਾਵ ਹੋ ਜਾਂਦਾ ਹੈ ਅਤੇ ਰਕਤ ਵਿੱਚ ਸੰਚਾਰ ਕਰ ਰਿਹਾ ਹੁੰਦਾ ਹੈ, ਹੌਲੀ ਹੌਲੀ ਇੰਫ਼ੈਕਸ਼ਨ ਵਧੱਦਾ ਹੈ ਅਤੇ ਇਕ ਸਮਾਂ ਪਾਕੇ ਸਾਰੇ ਸ਼ਰੀਰ ਉਪੱਰ ਪ੍ਰਭਾਵ ਪਾਉਂਣਾ ਅਰੰਭ ਕਰ ਦਿੰਦਾ ਹੈ । ਪਰ ਜੋ ਸਭ ਤੋਂ ਵੱਧ ਭਿਆਨਕ ਚੀਜ ਹੈ ਅੱਜ ਦੇ ਯੁੱਗ ਵਿੱਚ ਉਹ ਹੈ ਆਤਮਕ ਰੋਗ ਅਤੇ ਆਤਮਕ ਰੋਗਾਂ ਦੀ ਤਾਂ ਵਾਯੂਮੰਡਲ

ਵਿੱਚ ਭਰਮਾਰ ਹੋਈ ਹੋਈ ਹੈ ਅਤੇ ਮਨੁੱਖ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਸ ਸਮੇਂ ਸ਼ੈਤਾਨ ਸਾਡੇ ਖੂਨ ਵਿੱਚ ਚਲਾ ਗਿਆ ਅਤੇ ਆਤਮਕ ਰੋਗ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ ਹੈ, ਪਰ ਸ਼ੈਤਾਨ ਦੇ ਰਕਤ ਵਿੱਚ ਚਲੱਣ ਨਾਲ ਜੋ ਰੋਗ ਆਉਂਦਾ ਹੈ ਉਹ ਸ਼ਰੀਰਕ ਰੋਗਾਂ ਦੀ ਤੁਲਨਾ ਵਿੱਚ ਇਸ ਪੱਖੋਂ ਬਹੁਤਾ ਖ਼ਤਰਨਾਕ ਹੈ ਕਿ ਸ਼ਰੀਰਕ ਰੋਗ ਨਾਲ ਸ਼ਰੀਰ ਉਪੱਰ ਪ੍ਰਭਾਵ ਪੈਂਦਾ ਹੈ ਮਨੁੱਖ ਉਸ ਨੂੰ ਆਪ ਅਨੁਭਵ ਕਰਦਾ ਹੈ ਅਤੇ ਡਾਕਟਰ ਕੋਲ ਜਾਂਦਾ ਹੈ ਕਿ ਮੈਂ ਰੋਗੀ ਹਾਂ ਮੈਂਨੂੰ ਦਵਾਈ ਦਿਓ । ਪਰ ਆਤਮਕ ਰੋਗ ਇਸ ਲਈ ਬਹੁਤਾ ਭਿਆਨਕ ਹੈ ਕਿ ਜੱਦ ਰੱਬ ਤੋਂ ਮਨੁੱਖ ਦੂਰ ਹਟੱਦਾ ਹੈ ਅਤੇ ਸ਼ੈਤਾਨ ਦੇ ਹਮਲੇ ਹੇਠ ਆ ਜਾਂਦਾ ਹੈ ਤਾਂ ਉਸ ਸਮੇਂ ਵੀ ਆਪਣੇ ਆਪ ਨੂੰ ਰੋਗੀ ਅਨੁਭਵ ਨਹੀਂ ਕਰਦਾ ਸਗੋਂ ਆਪਣੇ ਆਪ ਨੂੰ ਚੰਗਾ ਹੀ ਸਮਝਦਾ ਹੈ, ਪਰ ਉਸਦੇ ਮਿਤੱਰਾਂ, ਉਸ ਦੇ ਹਮਦਰਦਾਂ ਨੂੰ ਪਤਾ ਲਗੱਦਾ ਹੈ, ਜੱਦ ਉਹ ਉਸ ਨੂੰ ਸਮਝਾਉਦੇ ਹਨ । ਪਰ ਜੋ ਰੋਗ ਦੇ ਅੰਤ ਨੂੰ ਪਹੁੰਚ ਰਹੇ ਹੁੰਦੇ ਹਨ ਉਹ ਆਪਣੇ ਮਿਤੱਰਾਂ ਤੇ ਸਜੱਣਾ ਨੂੰ ਗ਼ਲਤ ਸਮਝਦੇ ਹਨ, ਉਹ ਸਮਝਦੇ ਹਨ ਕਿ ਮੇਰੇ ਮਿਤੱਰ ਮੈਂਨੂੰ ਗ਼ਲਤ ਕਹਿ ਰਹੇ ਹਨ ਅਤੇ ਆਪਣੇ ਆਪ ਨੂੰ ਬਿਲਕੁਲ ਠੀਕ ਸਮਝਦੇ ਹਨ ।

ਇਸ ਲਈ ਇਕ ਮੋਮਨ ਨੂੰ ਇਸ ਤੋਂ ਪਹਿਲਾਂ ਕਿ ਰੋਗ ਹਮਲਾ ਕਰੇ ਆਪਣੀ ਪੜਤਾਲ ਕਰਦਿਆਂ ਹੋਇਆਂ ਪ੍ਰੀਸੁਰੱਖਿਆ ਦੇ ਕਰਮ ਨੂੰ ਅਰੰਭ ਕਰ ਦੇਣਾ ਚਾਹੀਦਾ ਹੈ ਅਤੇ ਇਸ ਸਮਾਜ ਦੇ ਵਾਯੂਮੰਡਲ ਵਿੱਚ ਨਿਰੰਤਰ ਆਤਮਕ ਰੋਗ ਫੈਲੇ ਹੋਏ ਹਨ ਇਸ ਲਈ ਆਪਣੇ ਆਪ ਨੂੰ ਬਚਾਉਣ ਲਈ ਨਿਰੰਤਰ ਅਮਲਾਂ ਦੀ ਵੀ ਲੋੜ ਹੈ ਅਤੇ ਨਿਰੰਤਰ ਇਲਾਜ ਦੀ ਵੀ ਲੋੜ ਹੈ. ਪ੍ਰੀਸੁਰੱਖਿਆ ਦੀ ਵੀ ਲੋੜ । ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਮੋਮਨ ਕਦੇ ਵੀ ਰੱਬ ਦੇ ਖ਼ੌਫ਼ ਤੇ ਡਰ ਤੋਂ ਖਾਲੀ ਨਹੀਂ ਹੁੰਦਾ ਅਤੇ ਨ ਹੋਣਾ ਚਾਹੀਦਾ ਹੈ । ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਬਾਰੇ ਇਕ ਰਿਵਾਇਤ ਵਿੱਚ ਆਉਂਦਾਂ ਹੈ ਕਿ ਆਪ ਜੱਦ ਵੀ ਰਾਤ ਨੂੰ ਉਠੱਦੇ ਤਾਂ ਅਤਿਅੰਤ ਵਿਨਮ੍ਰਤਾ ਤੇ ਆਜਜ਼ੀ ਨਾਲ ਦੁਆਵਾਂ ਕਰਦੇ । ਇਕ ਵਾਰ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਆਪ ਦੀ ਅਜਿਹੀ ਅਵਸਥਾ ਦੇਖ ਕੇ ਬਿਨਤੀ ਕੀਤੀ ਕਿ ਆਪ ਨੂੰ ਤਾਂ ਰੱਬ ਨੇ ਸਭ ਕੁਝ ਮੁਆਫ਼ ਕਰ ਦਿਤੱਾ ਹੈ, ਆਪ ਨੂੰ ਐਨ੍ਹਾ ਪ੍ਰੇਸ਼ਾਨ ਹੋਣ ਦੀ ਕੀ ਲੋੜ ਹੈ ਐਨ੍ਹੇ ਖ਼ੌਫ ਨਾਲ ਆਪ ਕਿਉਂ ਦੁਆਵਾਂ ਕਰਦੇ ਹਨ ? ਐਨ੍ਹਾ ਖ਼ੌਫ ਕਿਉਂ ਹੈ ਆਪਣੇ ਲਈ ਸਗੋਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਤਾਂ ਇਹ ਵੀ ਫ਼ਰਮਾਇਆ ਸੀ ਮਨੁੱਖ ਦੇ ਰਕਤ ਵਿੱਚ ਸ਼ੈਤਾਨ ਹੈ, ਤਾਂ ਆਪ ਨੇ ਫ਼ਰਮਾਇਆ ਸੀ ਕਿ ਮੇਰਾ ਸ਼ੈਤਾਨ ਮੁਸਲਮਾਨ ਹੋ ਗਿਆ ਹੈ । ਅਰਥਾਤ ਕਿਸੇ ਆਤਮਕ ਰੋਗ ਦੇ ਹੋਣ ਦਾ ਜਾਂ ਕਿਸੇ ਆਤਕਮ ਰੋਗ ਦੇ ਹਮਲੇ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ, ਪਰ ਆਪ ਨੇ ਫ਼ਰਮਾਇਆ ਕਿ ਮੇਰੀ ਮੁਕਤੀ ਵੀ ਰੱਬ ਦੀ ਮਿਹਰ ਨਾਲ ਹੈ । ਮੈਂਨੂੰ ਵੀ ਹਰ ਸਮੇਂ ਉਸ ਵੱਲ ਝੁਕੇ ਰਹਿਣ ਦੀ ਲੋੜ ਹੈ । ਸੋ, ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਇਹ ਸਭ ਕੁਝ ਹੁੰਦਿਆ ਹੋਇਆਂ ਵੀ ਐਨ੍ਹੇ ਖ਼ੌਫ਼ ਦਾ ਪ੍ਰਗਟਾਵਾ ਕਰਦੇ ਹਨ ਤਾਂ ਫਿਰ ਹੋਰ ਕੌਣ ਹੈ ਜੋ ਕਹਿ ਸਕੇ ਕਿ ਮੈਂਨੂੰ ਹਰ ਕੰਮ ਵਿੱਚ ਹਰ ਸਮੇਂ ਕੱਲ ਉਪੱਰ ਨਜ਼ਰ ਰਖੱਣ ਦੀ ਲੋੜ ਨਹੀਂ ਹੈ ਅਤੇ ਫਿਰ ਕੰਮ ਕਰਕੇ ਰੱਬ ਦੀਆਂ ਮਿਹਰਾਂ ਦੀ ਭਾਲ ਕਰਨ ਦੀ ਲੋੜ ਨਹੀਂ । ਸੋ, ਹਰ ਸਮੇਂ ਹੁੱਸ਼ਿਆਰ ਰਹਿਣ ਦੀ, ਹਰ ਸਮੇਂ ਸੰਜਮਤਾ ਨਾਲ ਚਲਦਿਆਂ ਹੋਇਆਂ ਆਪਣੇ ਕੰਮਾ ਤੇ ਆਪਣੀਆਂ ਅਵਸਥਾਵਾਂ ਦੀ ਪੜਤਾਲ ਲੈਣ ਦੀ, ਹਰ ਸਮੇਂ ਰੱਬ ਤੋਂ ਉਸ ਦੀ ਮਿਹਰ ਮੰਗਣ ਅਤੇ ਹਰ ਸਮੇਂ ਇਹ ਵਿਚਾਰ ਮਨ ਵਿੱਚ ਰਖੱਣ ਦੀ ਲੋੜ ਹੈ ਕਿ ਮੈਂ ਆਪਣੀ ਆਸਤਾ ਨੂੰ ਕਿਵੇਂ ਬਚਾਉਂਣਾ ਅਤੇ ਉਸ ਵੱਲ ਜੋ ਮੈਂ ਅਗਲੀ ਆਇਤ ਤਲਾਵਤ ਕੀਤੀ ਹੈ ਉਸ ਵਿੱਚ ਅਲੱਾਹ ਤਆਲਾ ਨੇ ਧਿਆਨ ਦੁਆਇਆ ਹੈ ਕਿ ਉਹਨਾਂ ਲੋਕਾਂ ਵਾਂਗ ਨ ਹੋ ਜਾਓ ਜਿੰਨ੍ਹਾ ਨੇ ਰੱਬ ਨੂੰ ਭੁਲਾ ਦਿਤੱਾ ਕਿਉਂਕਿ ਫਿਰ ਅਲੱਾਹ ਤਆਲਾ ਵੀ ਉਹਨਾਂ ਨੂੰ ਆਪਣੇ ਆਪ ਤੋਂ ਗ਼ਾਫ਼ਲ ਕਰ ਦੇਵੇਗਾ ।

ਚੇਤੇ ਰਖੱਣਾ ਚਾਹੀਦਾ ਹੈ ਕਿ ਸਧਾਰਣ ਤੌਰ 'ਤੇ ਮਨੁੱਖ ਰੱਬ ਨੂੰ ਤਿੰਨ ਤਰੀਕਿਆਂ ਨਾਲ ਭੁਲਾਉਂਦਾ ਹੈ ਜਾਂ ਇਹ ਤਿੰਨ ਪ੍ਰਕਾਰ ਦੇ ਲੋਕ ਹਨ ਜੋ ਸਨੂੰ ਆਮ ਤੌਰ'ਤੇ ਸੰਸਾਰ ਵਿੱਚ ਦਿਖਾਈ ਦਿੰਦੇ ਹਨ, ਰੱਬ ਤੋਂ ਦੂਰ ਹੁੰਦੇ ਹਨ । ਇਕ ਤਾਂ ਉਹ ਲੋਕ ਜੋ ਰੱਬ ਦੇ ਵੁਜੂਦ ਦੇ ਇਨਕਾਰੀ ਹਨ ਅਤੇ ਬਹੁਤ ਹੀ ਢੀਠਪੁਣੇ ਨਾਲ ਕਹਿ ਦਿੰਦੇ ਹਨ ਕਿ ਰੱਬ ਕੋਈ ਚੀਜ ਨਹੀਂ ਹੈ ਜਿਵੇਂ ਕਿ ਅੱਜ ਕੱਲ ਦੀ ਬਹੁਤ ਵੱਡੀ ਗਿਣਤੀ ਇਸੇ ਦ੍ਰਿਸਟੀਕੋਣ ਉਪੱਰ ਕਾਇਮ ਹੈ ਜੋ ਆਪਣੇ ਆਪ ਨੂੰ ਪੜ੍ਹਿਆ ਲਿੱਖਿਆ ਕਹਿੰਦੇ ਹਨ, ਬਹੁਤ ਫ਼ਖ਼ਰ ਹੈ ਆਪਣੀ ਪੜ੍ਹਾਈ ਉਪੱਰ ਅਤੇ ਇਹ ਲੋਕ ਮੀਡੀਆ ਅਤੇ ਇੰਟਰਨੈਟ ਅਤੇ ਵੱਖ ਵੱਖ ਤਰੀਕਿਆਂ ਨਾਲ ਨੌਜੁਆਨਾ ਅਤੇ ਕੱਚੀ ਸੋਚ ਵਾਲਿਆਂ ਨੂੰ ਆਪਣੇ ਵਿਚਾਰਾਂ ਨਾਲ ਵਿਸ਼ ਭਰਦੇ ਰਹਿੰਦੇ ਹਨ ।

ਦੂਜੇ ਉਹ ਲੋਕ ਹਨ ਜਿੰਨ੍ਹਾ ਨੂੰ ਵਾਸਤਵਿਕ ਤੇ ਸਚੱਾ ਈਮਾਨ (ਆਸਥਾ) ਸਰਬਸ਼ਕਤੀਮਾਨ ਰੱਬ ਉਪੱਰ ਨਹੀਂ ਹੈ ਜਿਸ ਦੇ ਸਾਹਮਣੇ ਉਹਨਾਂ ਨੂੰ ਪੇਸ਼ ਹੋਣਾ ਹੈ ਅਤੇ ਆਪਣੇ ਕਰਮਾ ਦਾ ਉਤੱਰਦਾਈ ਹੋਣਾ ਹੈ । ਬੇਸ਼ਕ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ

ਇਕ ਰੱਬ ਹੈ ਜਿਸ ਨੇ ਦੁਨੀਆ ਨੂੰ ਪੈਦਾ ਕੀਤਾ ਹੈ ਅਤੇ ਉਸ ਦੇ ਹੇਠ ਇਕ ਵਿਵਸਥਾ ਚੱਲ ਰਹੀ ਹੈ ਪਰ ਫਿਰ ਵੀ ਉਸ ਦੇ ਆਖੇ ਉਪੱਰ ਅਮਲ ਨਹੀਂ ਹੈ ।

ਤੀਜੇ ਉਹ ਲੋਕ ਹਨ ਜੋ ਸੰਸਾਰਕ ਬਖੇੜਿਆਂ ਵਿੱਚ ਐਨੇ੍ਹ ਡੁੱਬ ਗਏ ਹਨ ਕਿ ਰੱਬ ਨੂੰ ਭੁੱਲ ਗਏ ਹਨ ਕਦੇ ਵਿਚਾਰ ਆ ਜਾਵੇ ਤਾਂ ਨਮਾਜ਼ ਵੀ ਪੜ੍ਹ ਲੈਣਗੇ ਦੁਆ ਵੀ ਕਰ ਲੈਣਗੇ ਕੋਈ ਨਿਰੰਤਰਤਾ ਨਹੀਂ ਹੈ । ਇਸ ਵੱਲ ਧਿਆਨ ਨਹੀਂ ਰੱਬ ਨੇ ਮੋਮਨ ਲਈ ਪੰਜ ਵੇਲੇ ਦੀਆਂ ਨਮਾਜ਼ਾਂ ਨਿਰਧਾਰਤ ਕੀਤੀਆਂ ਹਨ । ਹਾਂ, ਇਹ ਗੱਲ ਵਿਸ਼ਵਸਨੀ ਹੈ ਕਿ ਰੱਬ ਨੂੰ ਭੁਲਾ ਦਿੰਦੇ ਹਨ, ਅੰਤ ਨੂੰ ਅਜਿਹੀ ਅਵਸਥਾ ਨੂੰ ਪਹੁੰਚ ਜਾਂਦੇ ਹਨ ਕਿ ਜਿੱਥੇ ਉਹਨਾਂ ਦਾ ਆਰਚਰਣਕ ਪਤਨ ਵੀ ਹੁੰਦਾ ਹੈ ਅਤੇ ਰੂਹਾਨੀ ਪਤਨ ਵੀ ਹੁੰਦਾ ਹੈ ਅਤੇ ਅੰਤ ਨੂੰ ਮਾਨਸਕ ਸ਼ਾਂਤੀ ਵੀ ਜਾਂਦੀ ਰਹਿੰਦੀ ਹੈ, ਉਹ ਸਮਝਦੇ ਹਨ ਕਿ ਸੰਸਾਰਕ ਕਾਰਜਾਂ ਵਿੱਚ ਲਾਭ ਹਨ । ਇਸ ਲਈ ਪਹਿਲਾਂ ਇਹੋ ਕਰੋ । ਰੱਬ ਦੇ ਹੱਕ ਬਾਦ ਵਿੱਚ ਪੂਰੇ ਹੁੰਦੇ ਰਹਿਣਗੇ ਕਿਉਂਕਿ ਸੰਸਾਰਕ ਕਾਰਜਾਂ ਵਿੱਚ ਵੇਖਣ ਨੂੰ ਉਹਨਾਂ ਨੂੰ ਝੱਟ ਆਰਾਮ ਤੇ ਐਸ਼ ਦਿਖਾਈ ਦੇ ਰਹੇ ਹੁੰਦੇ ਹਨ, ਪਰ ਜਿਵੇਂ ਕਿ ਅਲੱਾਹ ਤਆਲਾ ਨੇ ਫ਼ਰਮਾਇਆ ਹੈ ਕਿ ਅਜਿਹੇ ਲੋਕਾਂ ਨਾਲ ਰੱਬ ਫਿਰ ਅਜਿਹਾ ਵਰਤਾਉ ਕਰਦਾ ਹੈ ਕਿ 'ਫ਼ਨਸਾਹੁਮ ਅਨਫੁਸਾਹੁਮ' ਰੱਬ ਨੇ ਆਪ ਉਹਨਾਂ ਨੂੰ ਆਪ ਆਪਣੇ ਆਪ ਤੋਂ ਗ਼ਾਫਲ ਕਰ ਦਿੱਤਾ ਅਤੇ ਅਜਿਹੇ ਲੋਕ ਵੀ ਮਾਨਸਕ ਸ਼ਾਂਤੀ ਪ੍ਰਾਪਤ ਨਹੀਂ ਕਰਦੇ ।

ਸੋ, ਮੋਮਨ ਨੂੰ ਰੱਬ ਫ਼ਰਮਾਉਂਦਾ ਹੈ ਕਿ ਜੇਕਰ ਵਾਸਤਵਿਕ ਸੰਜਮਤਾ ਤੁਹਾਡੇ ਅੰਦਰ ਹੈ ਅਤੇ ਤੁਸੀਂ ਮੋਮਨ ਹੋ, ਰੱਬ ਦੇ ਵੁਜੂਦ ਉਪੱਰ ਆਸਥਾ ਰਖੱਦੇ ਹੋ, ਉਸ ਦੇ ਇਕ ਹੋਣ ਉਪੱਰ ਈਮਾਨ ਤੇ ਵਿਸ਼ਵਾਸ ਰਖੱਦੇ ਹੋ ਤਾਂ ਉਹਨਾਂ ਸ਼ਰਤਾਂ ਅਨੁਸਾਰ ਆਪਣਾ ਜੀਵਨ ਬਤੀਤ ਕਰੋ ਜਿੰਨ੍ਹਾ ਅਨੁਸਾਰ ਜਜੀਵਨ ਬਤੀਤ ਕਰਨ ਦਾ ਰੱਬ ਨੇ ਆਦੇਸ਼ ਦਿਤੱਾ ਹੈ ਅਤੇ ਉਹ ਇਹ ਹੈ ਕਿ ਆਪਣੇ ਹਰ ਕਾਰਜ ਦੇ ਅੰਜਾਮ ਨੂੰ ਦੇਖੋ ਅਤੇ ਉਸ ਵਿਸ਼ਵਾਸ ਉਪੱਰ ਕਾਇਮ ਹੋ ਜਾਓ ਕਿ ਰੱਬ ਤੁਹਾਡੇ ਹਰ ਅਮਲ ਤੇ ਕਰਮ ਨੂੰ ਦੇਖ ਰਿਹਾ ਹੈ ਅਤੇ ਜੱਦ ਮਨੁੱਖ ਦੀ ਅਜਿਹੀ ਸੋਚ ਹੋਵੇ ਤਾਂ ਫਿਰ ਹਰ ਕੰਮ ਕਰਨ ਦਾ ਢੰਗ ਹੀ ਬਦਲ ਜਾਂਦਾ ਹੈ ਅਤੇ ਮਨੁੱਖ ਆਪ ਅਨੁਭਵ ਕਰਦਾ ਹੈ ਕਿ ਇਸ ਕਾਰਣ ਰੱਬ ਦੀਆਂ ਮਿਹਰਾਂ ਮੇਰੇ ਉਪੱਰ ਵੱਧ ਰਹੀਆਂ ਹਨ ।

ਸੋ, ਰੱਬ ਨੇ ਏਥੇ 'ਫ਼ਾਸਕ' (ਪਾਪੀ, ਵਿਭਚਾਰੀ) ਕਹਿ ਕੇ ਈਮਾਨ ਦਾ ਦਾਵਾ ਕਰਨ ਵਾਲਿਆਂ ਨੂੰ ਸਪਸ਼ਟ ਕਰ ਦਿਤੱਾ ਕਿ ਜੇਕਰ ਸੰਜਮਤਾ ਨਾਲ ਨਹੀਂ ਚਲਦੇ, ਆਪਰੇ ਕਲ (ਭਵਿੱਖ) ਦੀ ਚਿੰਤਾ ਨਹੀਂ ਕਰਦੇ, ਰੱਬ ਦੇ ਆਦੇਸ਼ਾਂ ਉਪੱਰ ਨਹੀਂ ਚਲਦੇ ਤਾਂ ਫਿਰ 'ਫ਼ਾਸਕਾਂ' ਵਿੱਚ ਗਿਣਤੀ ਹੋਵੇਗੀ ਅਰਥਾਤ ਜੋ ਰੱਬ ਦੀਆਂ ਨਿਰਧਾਰਤ ਕੀਤੀਆਂ ਹਦਾਂ ਨੂੰ ਤੋੜਣ ਵਾਲੇ ਹਨ, ਜੋ ਪਾਪਾਂ ਵਿੱਚ ਗ੍ਰਿਸੇ ਹੋਏ ਹਨ, ਜੋ ਆਗਿਆਕਾਰੀ 'ਚੋਂ ਨਿਕਲੇ ਅਤੇ ਸਚੱਾਈ ਤੋਂ ਨਸੱਣ ਵਾਲੇ ਹਨ । ਇਸ ਲਈ ਜੇਕਰ ਅਸੀਂ ਆਪਣੀ ਪੜਤਾਲ ਨਹੀਂ ਕਰਦੇ ਆਪਣੇ ਕਾਰਜਾਂ ਨੂੰ ਰੱਬ ਦੇ ਦੱਸੇ ਹੋਏ ਮਾਪਦੰਡਾਂ ਉਪੱਰ ਪਰਖਣ ਦਾ ਜਤਨ ਨਹੀਂ ਕਰਦੇ ਤਾਂ ਬਹੁਤ ਖ਼ੌਫ਼ ਦੀ ਗੱਲ ਹੈ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਇਸ ਭਾਗ ਦਾ ਵਿਸਥਾਰ ਕਰਦੇ ਹੋਏ ਫ਼ਰਮਾਉਦੇ ਹਨ ਕਿ ਔਕੁੜਾਂ ਮਨੁੱਖ ਉਪੱਰ ਆਉਂਦੀਆਂ ਹਨ । ਬਹੁਤ ਸਾਰੀਆਂ ਲੋੜਾਂ ਮਨੁੱਖ ਨੂੰ ਲੱਗੀਆਂ ਹਨ । ਖਾਣ ਪੀਣ ਦਾ ਮੁਥਾਜ ਹੁੰਦਾ ਹੈ । ਮਿਤੱਰ ਵੀ ਹੁੰਦੇ ਹਨ ਵੈਰੀ ਵੀ ਹੁੰਦੇ ਹਨ ਪਰ ਇਹਨਾਂ ਸਾਰੀਆਂ ਅਵਸਥਾਵਾਂ ਵਿੱਚ ਸੰਜਮੀ ਦੀ ਇਹ ਸ਼ਾਨ ਹੁੰਦੀ ਹੈ ਕਿ ਉਹ ਸੰਕੋਚ ਤੇ ਖ਼ਿਆਲ ਰਖੱਦਾ ਹੈ ਕਿ ਰੱਬ ਤੋਂ ਵਿਗਾੜ ਨ ਹੋਵੇ ਅਰਥਾਤ ਹਰ ਸਮੇਂ ਰੱਬ ਨੂੰ ਚੇਤੇ ਰਖੱਦਾ ਹੈ ਅਤੇ ਉਹ ਪਹਿਲਾ ਰਹਿੰਦਾ ਹੈ, ਮਿਤੱਰਾਂ'ਤੇ ਵੀ ਅਤੇ ਲਾਹੇਵੰਦ ਚੀਜਾਂ'ਤੇ ਵੀ । ਫਿਰ ਫ਼ਰਮਾਇਆ ਉਧਾਰਣ ਲਈ ਮਿਤੱਰ ਉਪੱਰ ਭਰੋਸਾ ਹੋਵੇ ਸੰਭਵ ਹੈ ਕਿ ਉਹ ਮਿੱਤਰ ਮੁਸੀਬਤ ਪੈਣ ਤੋਂ ਪਹਿਲਾਂ ਸੰਸਾਰ'ਚੋਂ ਕੂਚ ਕਰ ਜਾਵੇ ਜਾਂ ਔਕੁੜਾਂ ਵਿੱਚ ਫ਼ਸ ਕੇ ਇਸ ਯੋਗ ਹੀ ਨ ਰਹੇ ਕਿ ਕੰਮ ਆ ਸਕੇ, ਫਿਰ ਅਫ਼ਸਰ'ਤੇ ਭਰੋਸਾ ਹੋਵੇ, ਸੰਭਵ ਹੈ ਕਿ ਅਫਸਰ ਦੀ ਬਦਲੀ ਹੋ ਜਾਵੇ ਅਤੇ ਉਹ ਲਾਭ ਉਸ ਨੂੰ ਨ ਪਹੁੰਚ ਸਕੇ ਅਤੇ ਉਹਨਾਂ ਸਜਣਾ ਤੇ ਰਿਸ਼ਤੇਦਾਰਾਂ ਉਪੱਰ ਨੂੰ ਜਿੰਨ੍ਹਾ ਤੋਂ ਆਸ ਤੇ ਪੂਰਨ ਭਰੋਸਾ ਹੋਵੇ ਕਿ ਦੁੱਖ ਤੇ ਕਸ਼ਟ ਸਮੇਂ ਮਦਦ ਦੇਣਗੇ । ਲੋੜ ਸਮੇਂ ਰੱਬ ਉਹਨਾਂ ਨੂੰ ਐਨ੍ਹਾ ਦੂਰ ਕਰ ਦੇਵੇ ਕਿ ਉਹ ਕੰਮ ਨ ਆ ਸਕਣ । ਇਸ ਲਈ ਫ਼ਰਮਾਇਆ ਕਿ ਹਰ ਪਲ ਰੱਬ ਨਾਲ ਸੰਬੰਧ ਨਹੀਂ ਛਡੱਣਾ ਚਾਹੀਦਾ ਜੋ ਜੀਵਨ ਤੇ ਮੌਤ ਵਿੱਚ ਸਾਥੋਂ ਅੱਡ ਨਹੀਂ ਹੋ ਸਕਦਾ । ਜੀਵਨ ਅਤੇ ਮੌਤ ਵਿੱਚ ਰੱਬ ਦਾ ਹੀ ਸਾਥ ਹੈ । ਫ਼ਰਮਾਇਆ ਕਿ ਇਸ ਲਈ ਰੱਬ ਫ਼ਰਮਾਉਂਦਾ ਹੈ ਕਿ ਉਹਨਾਂ ਲੋਕਾਂ ਵਾਂਗ ਨ ਹੋ ਜਾਓ ਜਿੰਨ੍ਹਾ ਨੇ ਰੱਬ ਨਾਲ ਸੰਬੰਧ ਤੋੜ ਲਏ । ਇਸ ਦਾ ਸਿੱਟਾ ਇਹ ਹੋਵੇਗਾ ਕਿ ਤੁਸੀਂ ਦੁੱਖਾਂ ਤੋਂ ਸੁਰੱਖਿਅਤ ਨਹੀਂ ਰਹਿ ਸਕੋਗੇ ਅਤੇ ਨ ਹੀ

ਸੁੱਖ ਪਾਓਗੇ ਸਗੋਂ ਹਰ ਪਾਸਿਓਂ ਜ਼ਿਲੱਤ ਦੀ ਮਾਰ ਹੋਵੇਗੀ ਅਤੇ ਸੰਭਵ ਹੈ ਕਿ ਉਹ ਜ਼ਿਲੱਤ ਤੁਹਾਨੂੰ ਮਿਤੱਰਾਂ ਵੱਲੋਂ ਹੀ ਆ ਜਾਵੇ । ਅਜਿਹੇ ਲੋਕ ਜੋ ਰੱਬ ਤੋਂ ਸੰਬੰਧ ਤੋੜਦੇ ਹਨ ਉਹ ਕੌਣ ਹੁੰਦੇ ਹਨ ? ਉਹ ਕਾਇਰ, ਪਾਪੀ ਤੇ ਦੁਰਾਚਾਰੀ ਹੁੰਦੇ ਹਨ । ਉਹਨਾਂ ਵਿੱਚ ਸਚੱਾ ਈਮਾਨ ਨਹੀਂ ਹੁੰਦਾ । ਇਹੋ ਨਹੀਂ ਕਿ ਉਹ ਈਮਾਨ ਵਿੱਚ ਕੱਚੇ ਹਨ, ਨਹੀਂ, ਉਹਨਾਂ ਨੂੰ ਰੱਬ ਦੀ ਮਖ਼ਲੂਕ ਨਾਲ ਕਿਰਪਾ ਜਾਂ ਦਿਆ ਵੀ ਨਹੀਂ ਹੁੰਦੀ । ਰੱਬ ਦੀ ਮਖ਼ਲੂਕ ਨਾਲ ਦਿਆ ਵੀ ਨਹੀਂ ਕਰਦੇ ਅਰਥਾਤ ਨ ਹੀ ਰੱਬ ਦੇ ਹੱਕ ਪੂਰੇ ਕਰਦੇ ਹਨ ਅਤੇ ਨ ਹੀ ਬੰਦਿਆਂ ਦੇ ਹੱਕ ਪੂਰੇ ਕਰਦੇ ਹਨ । ਇਸ ਲਈ ਸਾਡੇ ਵਿੱਚੋਂ ਹਰ ਇਕ ਨੂੰ ਜਤਨ ਕਰਨ ਚਾਹੀਦਾ ਹੈ ਕਿ ਆਪਣੇ ਹਰ ਅਮਲ ਤੇ ਕਾਰਜ ਨੂੰ ਰੱਬ ਦੇ ਆਦੇਸ਼ਾਂ ਅਸੁਸਾਰ ਕਰਨ ਦਾ ਜਤਨ ਕਰੇ । ਆਪਣੇ ਅਸਥਾਈ ਲਾਭ ਦੀ ਥਾਂ ਆਪਣੇ ਕੱਲ (ਭਵਿੱਖ) ਉਪੱਰ ਦ੍ਰਿਸਟੀ ਰੱਖੇ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪਰਦਾਨ ਕਰੇ । ਆਮੀਨ ।

**Khulasa Khutba 06.03.2014**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131